# ਕ੍ਰਿਮੀਨਲ ਜਸਟਿਸ ਬਰਾਂਚ, ਮਨਿਸਟਰੀ ਆਫ਼ ਅਟਾਰਨੀ ਜਨਰਲ

# ਕਰਾਊਨ ਕਾਊਂਸਲ ਪਾਲਿਸੀ ਮੈਨੂਅਲ

ਕ੍ਰਿਮੀਨਲ ਜਸਟਿਸ ਬਰਾਂਚ ਦਾ ਇਤਿਹਾਸ:

ਤਿੰਨ ਦਹਾਕਿਆਂ ਤੋਂ ਵੱਧ ਸਮਾਂ ਪਹਿਲਾਂ ਕ੍ਰਿਮੀਨਲ ਜਸਟਿਸ ਬਰਾਂਚ ਸੂਬਾਈ ਸਰਕਾਰ ਦੇ ਫੈਸਲੇ, ਕਿ ਨਿਆਂ ਪ੍ਰਦਾਨ ਕਰਨਾ ਇਕ ਸੰਯੁਕਤ ਪ੍ਰਬੰਧ ਦਾ ਹਿੱਸਾ ਹੋਣਾ ਚਾਹੀਦਾ ਹੈ, ਤੋਂ ਉਪਰੰਤ ਬਣਾਈ ਗਈ ਸੀ।

1 ਅਪਰੈਲ 1974 ਤੋਂ ਪਹਿਲਾਂ ਕਈ ਸੂਬਾਈ ਅਦਾਲਤਾਂ ਅਤੇ ਵੈਨਕੂਵਰ, ਵਿਕਟੋਰੀਆ, ਕਲੋਨਾ, ਕੈਮਲੂਪਸ ਅਤੇ ਪ੍ਰਿੰਸ ਜਾਰਜ 'ਚ ਕੇਸਾਂ ਦੀਆਂ ਪੈਰਵੀਆਂ ਮਿਊਂਸਪੈਲਿਟੀਆਂ ਵੱਲੋਂ ਭਰਤੀ ਕੀਤੇ ਗਏ ਵਕੀਲਾਂ ਵੱਲੋਂ ਚਲਾਈਆਂ ਜਾਂਦੀਆਂ ਸਨ। ਸੂਬੇ 'ਚ ਕਈ ਹੋਰ ਸਥਾਨਾਂ 'ਤੇ ਸੂਬਾਈ ਅਦਾਲਤੀ ਪੈਰਵੀਆਂ ਪੁਲਿਸ ਪ੍ਰਾਸੀਕਿਊਟਰਾਂ ਵੱਲੋਂ ਚਲਾਈਆਂ ਜਾਂਦੀਆਂ ਸਨ ਜਾਂ ਪੁਲਿਸ ਫੈਸਲਾ ਕਰਦੀ ਸੀ ਕਿ ਸੂਬਾਈ ਅਦਾਲਤ 'ਚ ਕਦੋਂ ਵਕੀਲ ਦਾ ਹੋਣਾ ਜ਼ੂਰਰੀ ਹੈ ਅਤੇ ਕਿਸੇ ਵਕੀਲ ਨੂੰ ਕੀਤੇ ਜਾਣ ਦਾ ਪ੍ਰਬੰਧ ਕਰਦੀ ਸੀ। ਕਾਊਂਟੀ ਜਾਂ ਸੁਪਰੀਮ ਕੋਰਟਾਂ 'ਚ ਕੇਸ ਵਕੀਲਾਂ ਵੱਲੋਂ ਚਲਾਏ ਜਾਂਦੇ ਸਨ ਜਿਹੜੇ ਆਮ ਤੌਰ 'ਤੇ ਪ੍ਰਾਈਵੇਟ ਬਾਰ ਤੋਂ ਹੁੰਦੇ ਸਨ ਜਿੰਨ੍ਹਾਂ ਨੂੰ ਉਸ ਸਮੇਂ ਦਾ ਡਾਇਰੈਕਟਰ ਆਫ਼ ਕ੍ਰਿਮੀਨਲ ਲਾਅ ਕਿਸੇ ਅਦਾਲਤੀ ਬੈਠਕ ਜਾਂ ਸੈਸ਼ਨ 'ਚ ਪੈਰਵੀ ਵਾਸਤੇ ਵਿਸ਼ੇਸ਼ ਤੌਰ 'ਤੇ ਭਰਤੀ ਕਰਦਾ ਸੀ। ਕਾਊਂਟੀ ਅਤੇ ਸੁਪਰੀਮ ਕੋਰਟ 'ਚ ਪੈਰਵੀ ਹੋ ਗਏ ਕੇਸਾਂ ਦੇ ਨਤੀਜਿਆਂ ਦੀਆਂ ਸਾਰੀਆਂ ਰਿਪੋਰਟਾਂ ਵਿਕਟੋਰੀਆ 'ਚ ਡਾਇਰੈਕਟਰ ਆਫ਼ ਕ੍ਰਿਮੀਨਲ ਲਾਅ ਨੂੰ ਦਿੱਤੀਆਂ ਜਾਂਦੀਆਂ ਸਨ।

1 ਅਪਰੈਲ 1974 ਨੂੰ ਕ੍ਰਿਮੀਨਲ ਜਸਟਿਸ ਬਰਾਂਚ ਦੀ ਸ਼ੁਰੂਆਤ ਨੇ ਸੂਬੇ ਭਰ 'ਚ ਅਦਾਲਤੀ ਪੈਰਵੀ ਦੇ ਇਕੋ ਜਹੇ ਮਿਆਰਾਂ ਸਹਿਤ ਇਕ ਵਿਕੇਂਦ੍ਰਿਤ ਅਦਾਲਤੀ ਪੈਰਵੀ ਸੇਵਾ ਦੀ ਸਿਰਜਣਾ ਕੀਤੀ।

1970 ਵਿਆਂ ਦੇ ਅੰਤ ਜਾਂ 1980 ਦੇ ਸ਼ੁਰੂ 'ਚ ਇਕ ਅਮਲ ਸਾਹਮਣੇ ਆਇਆ ਜਿਸ ਅਨੁਸਾਰ ਸਰਕਾਰੀ ਵਕੀਲ ਚਾਰਜ ਲਗਾਏ ਜਾਣ ਤੋਂ ਪਹਿਲਾਂ ਉਨ੍ਹਾਂ ਨੂੰ ਮਨਜ਼ੂਰ ਕਰਦਾ। ਆਮ ਕਰਕੇ ਇਹ ਦੋ ਹਿੱਸਿਆਂ ਵਾਲਾ ਟੈਸਟ ਹੈ: ਪਹਿਲਾ, ਕੀ ਦੋਸ਼ ਸਿੱਧ ਹੋਣ ਦੀ ਕਾਫੀ ਸੰਭਾਵਨਾ ਮੌਜੂਦ ਹੈ ਅਤੇ ਜੇਕਰ ਹੈ ਤਾਂ ਕੀ ਜਨਤਕ ਹਿੱਤ ਵਾਸਤੇ ਪੈਰਵੀ ਕੀਤੇ ਜਾਣ ਦੀ ਜ਼ਰੂਰਤ ਹੈ।

ਇਨਕੁਆਇਰੀ ਕਮਿਸ਼ਨਰ ਸਟੀਫਨ ਓਵਨ ਵੱਲੋਂ 1990 'ਚ ਕੀਤੀ ਗਈ ਡਿਸਕਰੈਸ਼ਨ ਟੂ ਪ੍ਰਾਸੀਕਿਊਟ ਇੰਨਕੁਆਇਰੀ ਉਪਰੰਤ ਸੂਬਾਈ ਸਰਕਾਰ ਨੇ 1991 'ਚ *ਕਰਾਊਨ ਕਾਊਂਸਲ ਐਕਟ* ਪਾਸ ਕਰ ਦਿੱਤਾ। ਇਹ ਐਕਟ ਕਰਾਊਨ ਕਾਊਂਸਲ, ਬਰਾਂਚ ਅਤੇ ਅਸਿਸਟੈਂਟ ਡਿਪਟੀ ਜਰਨਲ ਦੇ ਕੰਮਾਂ ਅਤੇ ਜ਼ਿੰਮੇਵਾਰੀਆਂ ਨੂੰ ਨਿਰਧਾਰਤ ਕਰਦਾ ਹੈ ਅਤੇ ਅਟਾਰਨੀ ਜਨਰਲ ਤੇ ਬਰਾਂਚ ਦਰਮਿਆਨ ਸਬੰਧਾਂ ਬਾਰੇ ਦੱਸਦਾ ਹੈ।

2005 'ਚ ਕ੍ਰਿਮੀਨਲ ਜਸਟਿਸ ਬਰਾਂਚ ਕੋਲ 751 ਫੁੱਲ ਟਾਈਮ ਦੇ ਬਰਾਬਰ ਆਸਾਮੀਆਂ ਸਨ ਜਿਨ੍ਹਾਂ 'ਚੋਂ 413 ਸਰਕਾਰੀ ਵਕੀਲ ਅਤੇ 338 ਪ੍ਰਸ਼ਾਸਕੀ ਸਟਾਫ ਦੀਆਂ ਸਨ। ਬਰਾਂਚ ਦੇ ਕਰਮਚਾਰੀ ਸੂਬੇ ਭਰ ਦੇ 5 ਖੇਤਰਾਂ 'ਚ 39 ਦਫਤਰਾਂ ਵਿਚ ਅਤੇ ਨਾਲ ਹੀ ਕ੍ਰਿਮੀਨਲ ਅਪੀਲਜ਼ ਐਂਡ ਸਪੈਸ਼ਲ ਪ੍ਰਾਸੀਕਿਊਸ਼ਨ ਯੂਨਿਟ (CASP) ਤੇ ਹੈੱਡਕੁਆਟਰ ਦਫਤਰ 'ਚ ਸਥਿਤ ਸਨ।

ਕ੍ਰਿਮੀਨਲ ਜਸਟਿਸ ਬਰਾਂਚ ਦਾ ਅਧਿਆਦੇਸ਼:

*ਕਰਾਊਨ ਕਾਊਂਸਲ ਐਕਟ* ਬਰਾਂਚ ਨੂੰ ਪੈਰਵੀ ਨਾਲ ਸਬੰਧਤ ਬਹੁਤ ਸਾਰੀ ਖੁੱਲ੍ਹ ਦਿੰਦਾ ਹੈ ਅਤੇ ਨਾਲ ਹੀ ਉਸ ਖੁੱਲ੍ਹ ਨੂੰ ਜਵਾਬਦੇਹੀ ਨਾਲ ਸੰਤੁਲਤ ਕਰ ਦਿੰਦਾ ਹੈ। ਬਰਾਂਚ ਦਾ ਅਧਿਆਦੇਸ਼ *ਕਰਾਊਂਨ ਕਾਊਂਸਲ ਐਕਟ* ਦੇ ਸੈਕਸ਼ਨ 2 'ਚ ਨਿਰਧਾਰਤ ਕੀਤਾ ਗਿਆ ਹੈ ਜਿੱਥੇ ਇਹ ਦੱਸਦਾ ਹੈ:

ਬਰਾਂਚ ਦੇ ਹੇਠ ਲਿਖੇ ਕੰਮ ਅਤੇ ਜ਼ਿੰਮੇਵਾਰੀਆਂ ਹਨ:

(a) ਸਰਕਾਰ ਵੱਲੋਂ ਉਸ ਵਾਸਤੇ ਬ੍ਰਿਟਿਸ਼ ਕੁਲੰਬੀਆ ਵਿਚ ਦੋਸ਼ਾਂ ਦੀਆਂ ਸਾਰੀਆਂ ਪੈਰਵੀਆਂ ਨੂੰ ਮਨਜ਼ੂਰ ਕਰਨਾਂ ਅਤੇ ਚਲਾਉਣਾ;
(b) ਸਰਕਾਰ ਵੱਲੋਂ ਉਸ ਵਾਸਤੇ ਬ੍ਰਿਟਿਸ਼ ਕੁਲੰਬੀਆ ਵਿਚ ਦੋਸ਼ ਦੀ ਕਿਸੇ ਪੈਰਵੀ ਨਾਲ ਸਬੰਧਤ ਸਾਰੀਆਂ ਅਪੀਲਾਂ ਅਤੇ ਹੋਰ ਕਾਨੂੰਨੀ ਕਾਰਵਾਈਆਂ ਨੂੰ ਸ਼ੁਰੂ ਕਰਨਾਂ ਅਤੇ ਚਲਾਉਂਣਾ;
(c) ਸਰਕਾਰ ਵੱਲੋਂ ਉਸ ਵਾਸਤੇ ਦੋਸ਼ ਦੀ ਕਿਸੇ ਪੈਰਵੀ ਨਾਲ ਸਬੰਧਤ ਕਿਸੇ ਅਪੀਲ ਜਾਂ ਹੋਰ ਕਾਨੂੰਨੀ ਕਾਰਵਾਈ ਨੂੰ ਚਲਾਉਣਾ, ਜਿਸ 'ਚ ਸਰਕਾਰ ਦਾ ਮੁੱਚਲੇ ਵਜੋਂ ਨਾਂ ਦਿੱਤਾ ਗਿਆ ਹੋਵੇ;
(d) ਫੌਜ਼ਦਾਰੀ ਕਾਨੂੰਨਾਂ ਦੇ ਸਾਰੇ ਮਾਮਲਿਆਂ ਬਾਰੇ ਸਰਕਾਰ ਨੂੰ ਸਲਾਹ ਦੇਣੀ;
(e) ਬ੍ਰਿਟਿਸ਼ ਕੁਲੰਬੀਆ 'ਚ ਫੌਜਦਾਰੀ ਨਿਆਂ ਪ੍ਰਦਾਨ ਕਰਨ ਦੇ ਸਬੰਧ 'ਚ ਪਾਲਿਸੀਆਂ ਅਤੇ ਕਾਰਜ ਅਮਲ ਵਿਕਸਤ ਕਰਨਾ;
(f) ਮੀਡੀਆ ਅਤੇ ਆਮ ਜਨਤਾ 'ਚੋਂ ਪ੍ਰਭਾਵਤ ਲੋਕਾਂ ਨਾਲ ਦੋਸ਼ਾਂ ਦੀਆਂ ਪੈਰਵੀਆਂ ਜਾਂ ਉਨ੍ਹਾਂ ਨਾਲ ਸਬੰਧਤ ਅਪੀਲਾਂ ਦੇ ਮਨਜ਼ੂਰ ਹੋਣ ਜਾਂ ਚੱਲਣ ਦੇ ਸਾਰੇ ਮਾਮਲਿਆਂ ਦੇ ਸਬੰਧ 'ਚ ਤਾਲਮੇਲ ਪ੍ਰਦਾਨ ਕਰਨਾ;
(g) ਅਟਾਰਨੀ ਜਨਰਲ ਵੱਲੋਂ ਬਰਾਂਚ ਦੇ ਜ਼ਿੰਮੇ ਲਾਇਆ ਗਿਆ ਕੋਈ ਵੀ ਹੋਰ ਕੰਮ ਜਾਂ ਜ਼ਿੰਮੇਵਾਰੀ।

ਐਕਟ ਦਾ ਸੈਕਸ਼ਨ 3 ਅਸਿਸਟੈਂਟ ਡਿਪਟੀ ਅਟਾਰਨੀ ਜਨਰਲ (ADAG) ਦੀਆਂ ਜ਼ਿੰਮੇਵਾਰੀਆਂ ਬਾਰੇ ਦੱਸਦਾ ਹੈ:

(1) ਅਸਿਸਟੈਂਟ ਡਿਪਟੀ ਅਟਾਰਨੀ ਜਨਰਲ ਨੂੰ ਬਰਾਂਚ ਦੇ ਪ੍ਰਸ਼ਾਸਨ ਅਤੇ ਸੈਕਸ਼ਨ 2 ਦੇ ਤਹਿਤ ਦੱਸੇ ਗਏ ਬਰਾਂਚ ਦੇ ਕੰਮ ਅਤੇ ਜ਼ਿੰਮੇਵਾਰੀਆਂ ਨੂੰ ਨਿਭਾਉਣ ਦਾ ਚਾਰਜ ਦਿੱਤਾ ਗਿਆ ਹੈ।
(2) ਅਸਿਸਟੈਂਟ ਡਿਪਟੀ ਅਟਾਰਨੀ ਜਨਰਲ *ਕ੍ਰਿਮੀਨਲ ਕੋਡ* ਦੇ ਸੈਕਸ਼ਨ 2 ਦੇ ਮੰਤਵਾਂ ਲਈ ਅਟਾਰਨੀ ਜਨਰਲ ਦੇ ਕਾਨੂੰਨੀ ਡਿਪਟੀ ਵਜੋਂ ਥਾਪਿਆ ਜਾਂਦਾ ਹੈ।

ਸਰਕਾਰੀ ਵਕੀਲ ਦੀਆਂ ਜ਼ਿੰਮੇਵਾਰੀਆਂ ਐਕਟ ਦੇ ਸੈਕਸ਼ਨ 4 'ਚ ਦੱਸੀਆਂ ਗਈਆਂ ਹਨ:

(1) ਅਸਿਸਟੈਂਟ ਡਿਪਟੀ ਅਟਾਰਨੀ ਜਨਰਲ ਕਿਸੇ ਵੀ ਵਿਅਕਤੀ ਜਾਂ ਵਿਅਕਤੀਆਂ ਦੀ ਕਿਸੇ ਵੀ ਸ਼੍ਰੇਣੀ ਨੂੰ "ਸਰਕਾਰੀ ਵਕੀਲ" ਥਾਪ ਸਕਦਾ ਹੈ ਜੋ ਬ੍ਰਿਟਿਸ਼ ਕੁਲੰਬੀਆ ਵਿਚ ਕਾਨੂੰਨੀ ਤੌਰ 'ਤੇ ਕਾਨੂੰਨ ਦੀ ਪ੍ਰੈਕਟਿਸ ਕਰਨ ਦੇ ਯੋਗ ਹੋਵੇ।
(2) ਹਰੇਕ ਸਰਕਾਰੀ ਵਕੀਲ ਦੋਸ਼ਾਂ ਦੀਆਂ ਪੈਰਵੀਆਂ ਦੇ ਸਬੰਧ 'ਚ ਸਾਰੀਆਂ ਅਦਾਲਤਾਂ 'ਚ ਸਰਕਾਰ ਦੀ ਪ੍ਰਤਿਨਿਧਤਾ ਕਰਨ ਲਈ ਅਧਿਕਾਰਤ ਹੈ।
(3) ਅਸਿਸਟੈਂਟ ਡਿਪਟੀ ਅਟਾਰਨੀ ਜਨਰਲ ਜਾਂ ਕਿਸੇ ਹੋਰ ਸਰਕਾਰੀ ਵਕੀਲ, ਜਿਸਨੂੰ ਅਸਿਸਟੈਂਟ ਡਿਪਟੀ ਅਟਾਰਨੀ ਜਨਰਲ ਨੇ ਥਾਪਿਆ ਹੋਵੇ, ਦੇ ਨਿਰਦੇਸ਼ਾਂ ਅਨੁਸਾਰ ਹਰੇਕ ਸਰਕਾਰੀ ਵਕੀਲ ਹੇਠ ਲਿਖਿਆਂ ਲਈ ਅਧਿਕਾਰਤ ਹੈ:
   (a) ਸਾਰੀ ਸਬੰਧਤ ਜਾਣਕਾਰੀ ਅਤੇ ਦਸਤਾਵੇਜ਼ਾਂ ਦੀ ਜਾਂਚ ਕਰਨ ਅਤੇ, ਜਾਂਚ ਪਰਖ ਤੋਂ ਉਪਰੰਤ ਕਿਸੇ ਵੀ ਦੋਸ਼ ਜਾਂ ਦੋਸ਼ਾਂ ਦੀ ਜਾਂਚ ਕਰਨ ਅਤੇ, ਜਾਂਚ ਪਰਖ ਤੋਂ ਉਪਰੰਤ ਕਿਸੇ ਵੀ ਦੋਸ਼ ਜਾਂ ਦੋਸ਼ਾਂ ਨੂੰ, ਜਿਸਨੂੰ ਵੀ ਉਹ ਢੁੱਕਵਾਂ ਸਮਝੇ, ਪੈਰਵੀ ਵਾਸਤੇ ਮਨਜ਼ੂਰ ਕਰਨ ਲਈ,
   (b) ਪੈਰਵੀ ਲਈ ਮਨਜ਼ੂਰ ਕੀਤੇ ਕੇਸ ਚਲਾਉਣ, ਅਤੇ
   (c) ਦੋਸ਼ਾਂ ਦੀਆਂ ਪੈਰਵੀਆਂ ਦੀ ਨਿਗਾਰਨੀ ਕਰਨ ਲਈ, ਜਿਹੜੀਆਂ ਉਨ੍ਹਾਂ ਵਿਅਕਤੀਆਂ ਵੱਲੋਂ ਸ਼ੁਰੂ ਕੀਤੀਆਂ ਤੇ

ਚਲਾਈਆਂ ਜਾਂਦੀਆਂ ਹਨ ਜਿਹੜੇ ਸਰਕਾਰੀ ਵਕੀਲ ਨਹੀਂ ਅਤੇ ਜੇਕਰ ਨਿਆਂ ਦੇ ਹਿੱਤਾਂ 'ਚ ਜ਼ਰੂਰਤ ਹੋਵੇ ਤਾਂ ਦਖਲ ਦੇਣ ਅਤੇ ਉਨ੍ਹਾਂ ਕੇਸਾਂ ਦੀ ਪੈਰਵੀ ਕਰਨ।

**(4)** ਅਟਾਰਨੀ ਜਨਰਲ ਅਪੀਲ ਦਾ ਇਕ ਅਜਿਹਾ ਕਾਰਜ ਅਮਲ ਸਥਾਪਤ ਕਰ ਸਕਦਾ ਹੈ ਜਿਸਦੇ ਤਹਿਤ ਕਾਨੂੰਨ ਲਾਗੂ ਕਰਨ ਵਾਲੇ ਅਫਸਰ ਕਿਸੇ ਵੀ ਸਰਕਾਰੀ ਵਕੀਲ ਜਾਂ ਸਪੈਸ਼ਲ ਪ੍ਰਾਸੀਕਿਊਟਰ ਦੇ ਕਿਸੇ ਪੈਰਵੀ ਨੂੰ ਮਨਜ਼ੂਰ ਨਾ ਕਰਨ ਦੇ ਫੈਸਲੇ ਦੀ ਅਪੀਲ ਕਰ ਸਕਦੇ ਹਨ।

*ਕਰਾਊਨ ਕਾਊਂਸਲ ਐਕਟ* ਅਟਾਰਨੀ ਜਨਰਲ ਦੇ ਰਾਹੀਂ ਬਰਾਂਚ ਅਤੇ ਸਰਕਾਰ ਦਰਮਿਆਨ ਸਬੰਧਾਂ ਦੀ ਵੀ ਦੇਖ ਰੇਖ ਕਰਦਾ ਹੈ। ਇਸ ਅਨੁਸਾਰ ਵਿਸ਼ੇਸ਼ ਪੈਰਵੀਆਂ ਬਾਰੇ ਦਿੱਤੇ ਗਏ ਨਿਰਦੇਸ਼ਾਂ ਨੂੰ ਜ਼ਰੂਰੀ ਤੌਰ 'ਤੇ ਲਿਖਤੀ ਅਤੇ ਬੀ. ਸੀ. ਗਜ਼ਟ 'ਚ ਛਪੇ ਹੋਣ ਦੀ ਲੋੜ ਹੈ। ਪਾਲਿਸੀ ਅਤੇ ਪ੍ਰਸ਼ਾਸਕੀ ਨਿਰਦੇਸ਼ਾਂ ਬਾਰੇ ਵੀ ਮਿਲਦੀਆਂ ਜੁਲਦੀਆਂ ਧਾਰਾਵਾਂ ਮੌਜੂਦ ਹਨ। ਐਕਟ ਅਸਿਸਟੈਂਟ ਡਿਪਟੀ ਅਟਾਰਨੀ ਜਨਰਲ ਦੁਆਰਾ ਸਪੈਸ਼ਲ ਪ੍ਰਾਸੀਕਿਊਟਰਾਂ ਦੀ ਨਿਯੁਕਤੀ ਕਰਨ ਦੀ ਵੀ ਵਿਵਸਥਾ ਕਰਦਾ ਹੈ ਜਦੋਂ ਇਹ ਜਨਤਕ ਹਿੱਤ 'ਚ ਕਰਨੀ ਜ਼ਰੂਰੀ ਹੋਵੇ।

ਸਰਕਾਰੀ ਵਕੀਲ ਦੀ ਭੂਮਿਕਾ:

ਸਰਕਾਰੀ ਵਕੀਲ ਦੀ ਭੂਮਿਕਾ ਜਿਵੇਂ, ਇਹ *R. v. Boucher* (1954), 110 CCC 263 (SCC) 'ਚ ਨਿਰਧਾਰਤ ਕੀਤੀ ਗਈ ਸੀ ਉਸਦੀ ਹੁਣੇ ਜਹੇ *R. v. Brown,* 2001 BCCA 14. 'ਚ ਤਾਈਦ ਕੀਤੀ ਗਈ। ਬੀ. ਸੀ. ਕੋਰਟ ਆਫ਼ ਅਪੀਲ ਨੇ *Boucher* 'ਚੋਂ ਦੋ ਪੈਰ੍ਹਿਆਂ ਦਾ ਹਵਾਲਾ ਦਿੱਤਾ ਜਿਹੜੇ ਪ੍ਰਾਸੀਕਿਊਟਰ ਦੀ ਵਿਸ਼ੇਸ਼ ਭੂਮਿਕਾ ਨਾਲ ਸਬੰਧਤ ਹਨ:

267 'ਤੇ ਮਿਸਟਰ ਜਸਟਿਸ ਟੈਸ਼ੇਰਿਊ ਨੇ ਕਿਹਾ:

> ਸਰਕਾਰ ਦੇ ਵਕੀਲ ਦੀ ਪਦਵੀ ਦੀਵਾਨੀ ਮੁਕੱਦਮੇਬਾਜ਼ੀ 'ਚ ਇਕ ਵਕੀਲ ਦੀ ਪਦਵੀ ਵਰਗੀ ਨਹੀਂ ਹੈ। ਉਸਦੇ ਕੰਮ ਨੀਮ-ਅਦਾਲਤੀ ਹਨ। ਉਸਦੀ ਡਿਊਟੀ ਬਹੁਤੀ ਜੱਜ ਅਤੇ ਜਿਊਰੀ ਦੇ ਇਹ ਯਕੀਨੀ ਬਣਾਉਂਣ, ਕਿ ਸਭ ਤੋਂ ਵੱਧ ਸੰਭਵ ਹੱਦ ਤੱਕ ਨਿਆਂ ਕੀਤਾ ਗਿਆ, 'ਚ ਮਦਦ ਕਰਨ ਵਾਸਤੇ ਦੋਸ਼-ਸਿਧ ਕਰਨ ਦੀ ਨਹੀਂ। ਉਸ ਦਾ ਅਦਾਲਤ ਦੇ ਸਾਹਮਣੇ ਵਿਉਹਾਰ ਜ਼ਰੂਰੀ ਤੌਰ 'ਤੇ ਹਮੇਸ਼ਾਂ ਸੰਜਮੀ ਤੇ ਨਿਰਪੱਖਤਾ ਦੇ ਗੁਣਾ ਵਾਲਾ ਹੋਣਾ ਚਾਹੀਦਾ ਹੈ। ਉਸਨੇ ਆਪਣੀ ਡਿਊਟੀ ਸਹੀ ਤਰ੍ਹਾਂ ਨਾਲ ਨਿਭਾਈ ਹੋਵੇਗੀ ਅਤੇ ਉਹ ਕਿਸੇ ਹੇਠੀ ਦੀ ਭਾਵਨਾ ਤੋਂ ਉੱਪਰ ਉੱਠਿਆ ਹੋਇਆ ਹੋਵੇਗਾ ਜੇਕਰ, ਕਿਸੇ ਆਵੇਗ 'ਚ ਆਉਂਣ ਤੋਂ ਪ੍ਰਹੇਜ਼ ਕਰਦਿਆਂ ਅਤੇ ਆਪਣੇ ਕੰਮ ਲਈ ਢੁੱਕਵੇਂ ਸ਼ੋਭਾਜਨਕ ਤਰੀਕੇ ਨੂੰ ਅਪਣਾਉਂਦਿਆਂ ਹੋਇਆਂ ਉਹ ਜਿਊਰੀ ਨੂੰ ਆਪਣੀ ਗਵਾਹੀ, ਜੋ ਉਹ ਜ਼ਾਹਰ ਕਰਦੀ ਹੈ ਉਸ ਤੋਂ ਅਗਾਂਹ ਜਾਣ ਤੋਂ ਬਗੈਰ, ਪੇਸ਼ ਕਰਦਾ ਹੈ।

270 'ਤੇ ਮਿਸਟਰ ਜਸਟਿਸ ਰੈਂਡ ਨੇ ਕਿਹਾ:

> ਇਹ ਵਧਾਅ ਚੜਾਅ ਕੇ ਕਹੀ ਗੱਲ ਨਹੀਂ ਹੋ ਸਕਦੀ ਕਿ ਕਿਸੇ ਫੌਜ਼ਦਾਰੀ ਪੈਰਵੀ ਦਾ ਮੰਤਵ ਦੋਸ਼ ਸਿੱਧ ਕਰਨਾਂ ਨਹੀਂ ਹੁੰਦਾ; ਇਹ ਜਿਊਰੀ ਦੇ ਸਾਹਮਣੇ ਉਹ ਕੁਝ ਰੱਖਣਾ ਹੁੰਦਾ ਹੈ ਜਿਸਨੂੰ ਸਰਕਾਰ ਕਥਿਤ ਜ਼ੁਰਮ ਦੇ ਪ੍ਰਸੰਗ 'ਚ ਭਰੋਸੇਯੋਗ ਗਵਾਹੀ ਸਮਝਦੀ ਹੈ। ਇਹ ਵੇਖਣਾ ਵਕੀਲ ਦੀ ਡਿਊਟੀ ਹੈ ਕਿ ਤੱਥਾਂ ਦਾ ਸਾਰਾ ਉਪਲਬਧ ਕਾਨੂੰਨੀ ਸਬੂਤ ਪੇਸ਼ ਕੀਤਾ ਜਾਵੇ। ਇਹ ਮਜ਼ਬੂਤ ਰੂਪ 'ਚ ਅਤੇ ਇਸਦੀ ਪ੍ਰਮਾਣਿਕਤਾ 'ਤੇ ਵਾਜਬ ਜ਼ੋਰ ਦੇ ਕੇ ਕੀਤਾ ਜਾਣਾ ਚਾਹੀਦਾ ਹੈ ਪਰੰਤੂ ਇਹ ਜ਼ੂਰਰੀ ਤੌਰ 'ਤੇ ਨਿਆਂਸ਼ੀਲ ਢੰਗ ਨਾਲ ਕੀਤਾ ਜਾਵੇ। ਪ੍ਰਾਸੀਕਿਊਟਰ ਦੀ ਭੂਮਿਕਾ 'ਚ ਜਿੱਤਣ ਜਾਂ ਹਾਰਨ ਦੀ ਕੋਈ ਭਾਵਨਾਂ ਸ਼ਾਮਲ ਨਹੀਂ; ਉਸਦਾ ਕੰਮ ਜਨਤਕ ਡਿਊਟੀ ਦਾ ਮਾਮਲਾ ਹੈ ਜਿਸ ਨਾਲ ਸਮਾਜਿਕ ਜ਼ਿੰਦਗੀ 'ਚ ਕੁਝ ਵੀ ਵੱਡੀ ਨਿੱਜੀ ਜ਼ਿੰਮੇਵਾਰੀ ਨਾਲ ਭਰਪੂਰ ਨਹੀਂ ਹੋ ਸਕਦਾ। ਇਸ ਨੂੰ ਨਿਪੁੰਨ ਢੰਗ ਨਾਲ ਗੌਰਵ ਦੀ ਨਿਹਿਤ ਭਾਵਨਾਂ, ਗੰਭੀਰਤਾ ਅਤੇ ਅਦਾਲਤੀ ਕਾਰਵਾਈਆਂ ਦੀ ਨਿਆਂਸ਼ੀਲਤਾ ਸਹਿਤ ਨਿਭਾਇਆ ਜਾਣਾ ਚਾਹੀਦਾ ਹੈ।

In *R. v. Logiacco* (1984), 11 CCC (3d) 374 (Ont CA), 'ਚ ਮਿਸਟਰ ਜਸਟਿਸ ਕੋਰੀ ਨੇ ਆਖਿਆ:

> ......ਨਿਆਂ ਦੀ ਪ੍ਰਦਾਨ ਕਰਨ 'ਚ ਸਰਕਾਰੀ ਅਟਾਰਨੀ ਦੀ ਭੂਮਿਕਾ ਅਦਾਲਤਾਂ ਲਈ ਅਤੇ ਕਮਿਊਨਿਟੀ ਲਈ ਗੰਭੀਰ ਮਹੱਤਵ ਵਾਲੀ ਹੈ। ਸਰਕਾਰੀ ਵਕੀਲ ਨੂੰ ਜ਼ਰੂਰੀ ਤੌਰ 'ਤੇ ਧਮਕੀਆਂ ਅਤੇ ਡਰਾਉਣ ਦੇ ਯਤਨਾਂ ਸਾਹਮਣੇ ਹੌਂਸਲੇ ਨਾਲ ਅਗਾਂਹ ਵਧਣਾ ਹੁੰਦਾ ਹੈ। ਉਸ ਨੂੰ ਜ਼ਰੂਰੀ ਤੌਰ 'ਤੇ ਵੇਖਣਾ ਚਾਹੀਦਾ ਹੈ ਕਿ ਪੈਰਵੀ ਕਰਨ ਯੋਗ ਸਾਰੇ ਮਾਮਲੇ ਅਦਾਲਤ 'ਚ ਲਿਆਂਦੇ ਗਏ ਹਨ ਅਤੇ ਉਨ੍ਹਾਂ ਦੀ ਪੈਰਵੀ ਸਹੀ ਲਗਨ ਅਤੇ ਰਫਤਾਰ ਨਾਲ ਹੋਈ ਹੈ। ਉਸਨੂੰ ਇਹ ਯਕੀਨੀ ਬਣਾਉਂਣ ਲਈ ਜ਼ਰੂਰੀ ਤੌਰ 'ਤੇ ਮਿਹਨਤੀ ਹੋਣਾ ਚਾਹੀਦਾ ਹੈ ਕਿ ਮਾਮਲੇ ਨੂੰ ਅਦਾਲਤ ਸਾਹਮਣੇ ਲਿਆਉਂਣ ਤੋਂ ਪਹਿਲਾਂ ਸਾਰੀਆਂ ਕਠਿਨ ਤਿਆਰੀਆਂ ਮੁਕੰਮਲ ਹੋਈਆਂ ਹੋਣ। ਉਹ ਪੂਰਨ ਦਿਆਨਤਾਰੀ ਵਾਲਾ ਅਤੇ ਅਣਉਚਿੱਤ ਸਮਝੌਤੇ ਜਾਂ ਪੱਖਪਾਤ ਕਰਨ ਦੇ ਸ਼ੱਕਾਂ ਤੋਂ ਉੱਪਰ ਹੋਣਾ ਚਾਹੀਦਾ ਹੈ। ਸਰਕਾਰੀ ਵਕੀਲ ਜ਼ਰੂਰੀ ਤੌਰ 'ਤੇ ਨੇਕਨੀਤੀ ਦਾ ਪ੍ਰਤੀਕ, ਸਾਰੇ ਵਾਜਬ ਪ੍ਰਗਟਾਵੇ ਕਰਨ 'ਚ ਫੁਰਤੀਲਾ ਅਤੇ ਇਸ ਦੇ ਬਾਵਜੂਦ ਗਵਾਹਾਂ ਦੀ ਭਲਾਈ ਤੇ ਸੁਰੱਖਿਆ ਵੱਲ ਧਿਆਨ ਦੇਣ 'ਚ ਅਸੂਲ ਦਾ ਪੱਕਾ ਹੋਣਾ ਚਾਹੀਦਾ ਹੈ। ਅਦਾਲਤਾਂ ਵੱਲੋਂ ਸਰਕਾਰੀ ਵਕੀਲ ਕੋਲੋਂ ਬਹੁਤ ਕੁਝ ਆਸ ਕੀਤਾ ਜਾਂਦਾ ਹੈ। ਕਮਿਊਨਿਟੀ ਸਰਕਾਰੀ ਵਕੀਲ ਨੂੰ ਇਕ ਅਹੁਦੇ ਦੇ ਪ੍ਰਤੀਕ ਵਜੋਂ ਅਤੇ ਫੌਜਦਾਰੀ ਮਾਮਲਿਆਂ 'ਚ ਕਮਿਊਨਿਟੀ ਦੇ ਇਕ ਬੁਲਾਰੇ ਵਜੋਂ ਵੇਖਦੀ ਹੈ......
>
> ਅਦਾਲਤ ਅਤੇ ਆਮ ਜਨਤਾ ਵੱਲੋਂ ਸਰਕਾਰੀ ਪ੍ਰਾਸੀਕਿਊਟਰ 'ਤੇ ਬਹੁਤ ਭਰੋਸਾ ਕੀਤਾ ਜਾਂਦਾ ਹੈ। ਉਸ ਦੀ ਨੀਮ-ਅਦਾਲਤੀ ਭੂਮਿਕਾ 'ਚ ਉਸ ਉੱਪਰ ਭਾਰੀ ਜ਼ਿੰਮੇਵਾਰੀਆਂ ਥੋਪੀਆਂ ਗਈਆਂ ਹਨ। ਉਸ ਭਰੋਸੇ ਅਤੇ ਨਿਰਭਰਤਾ ਦੇ ਯੋਗ ਹੋਣ ਲਈ, ਜੋ ਉਸਦੇ ਅਹੁਦੇ 'ਤੇ ਕੀਤੀ ਜਾਂਦੀ ਹੈ, ਉਸਨੂੰ ਜ਼ਰੂਰੀ ਤੌਰ 'ਤੇ ਗੌਰਵ ਅਤੇ ਨਿਆਂਸ਼ੀਲ ਵਿਉਹਾਰ ਕਰਨ ਵਾਲਾ ਬਣਨਾ ਚਾਹੀਦਾ ਹੈ।

ਪਹਿਲਾਂ ਦਿੱਤੇ ਗਏ ਇਹ ਪੈਰ੍ਹੇ ਉਸ ਉੱਚ ਪੱਧਰ ਦੀਆਂ ਉਦਾਹਰਨਾਂ ਹਨ ਜਿਹੜਾ ਅਦਾਲਤਾਂ ਸਰਕਾਰੀ ਵਕੀਲ ਕੋਲੋਂ ਆਸ ਕਰਦੀਆਂ ਹਨ। ਸਰਕਾਰੀ ਵਕੀਲ ਦੀਆਂ ਜ਼ਿੰਮੇਵਾਰੀਆਂ ਅਤੇ ਗੌਰਵ, ਜਿਸਦੀ ਉਸਦੇ ਅਹੁਦੇ ਕੋਲੋਂ ਆਸ ਕੀਤੀ ਜਾਂਦੀ ਹੈ, ਬੇਮਿਸਾਲ ਹਨ।

ਸਰਕਾਰੀ ਵਕੀਲ ਨੂੰ ਮਿਲੀ ਆਜ਼ਾਦੀ ਦੀ ਉਸਦੀ ਜਵਾਬਦੇਹੀ ਨਾਲ ਸੰਤੁਲਤ ਹੋ ਜਾਂਦੀ ਹੈ। ਚਾਰਜ ਮੁਲਾਂਕਣ ਦੇ ਅਸੂਲ ਆਧਾਰਿਤ ਫੈਸਲੇ ਉਦੋਂ ਯਕੀਨੀ ਹੋ ਜਾਂਦੇ ਹਨ ਜਦੋਂ ਗਵਾਹੀਆਂ ਦਾ ਮੁਲਾਂਕਣ ਕਰਨ 'ਚ ਤਜ਼ਰਬੇਕਾਰ ਸਰਕਾਰੀ ਵਕੀਲ ਬਰਾਂਚ ਦੀਆਂ ਜਨਤਕ ਪਾਲਿਸੀਆਂ ਅਨੁਸਾਰ ਉਪਲਬਧ ਗਵਾਹੀ ਅਤੇ ਲਾਗੂ ਹੁੰਦੇ ਕਾਨੂੰਨ ਦਾ ਪੁਰਨ-ਨਿਰੀਖਣ ਕਰਦਿਆਂ ਆਪਣੇ ਅਖਤਿਆਰ ਦੀ ਵਰਤੋਂ ਕਰਦਾ ਹੈ।

ਬਰਾਂਚ ਦੇ ਹੋਰ ਨਿਆਂ ਏਜੰਸੀਆਂ ਨਾਲ ਸਬੰਧ:

ਪੁਲਿਸ:

ਜਾਂਚ ਪੜਤਾਲ ਅਤੇ ਪੈਰਵੀ ਕਰਨ ਦੇ ਕੰਮਾਂ 'ਚ ਸੁਤੰਤਰਤਾ ਨੂੰ ਨਿਆਂ ਪ੍ਰਦਾਨ ਕਰਨ ਦੇ ਇਕ ਮਹੱਤਵਪੂਰਨ ਪੱਖ ਵਜੋਂ ਤਸਲੀਮ ਕੀਤਾ ਗਿਆ ਹੈ। ਵਿਸ਼ੇਸ਼ ਕਰਕੇ, ਪੁਲਿਸ ਜਾਂਚ ਪੜਤਾਲ ਕਰਨ ਅਤੇ ਆਪਣੇ ਸਿਧਾਂਤ ਤੇ ਰਾਵਾਂ ਬਣਾਉਂਣ 'ਚ, ਕਿ ਕਥਿਤ ਅਪਰਾਧ ਕਿਸ ਵੱਲੋਂ ਕੀਤਾ ਗਿਆ ਅਤੇ ਚੰਗੀ ਤਰ੍ਹਾਂ ਤਸਲੀਮ ਕੀਤੀ ਗਈ ਭੂਮਿਕਾ ਹੈ। ਇਤਿਹਾਸਕ ਤੌਰ 'ਤੇ ਇਸ ਵਿਚਾਰ ਨੂੰ ਕਿ ਪੁਲਿਸ ਸਰਕਾਰ ਦੇ ਦਖਲ ਤੋਂ ਆਜ਼ਾਦ ਰਹਿ ਕੇ ਇਸ ਬਾਰੇ ਫੈਸਲਾ ਕਰਦੀ ਹੈ ਕਿ ਕੌਣ, ਕੀ ਅਤੇ ਕਿਵੇਂ ਜਾਂਚ ਪੜਤਾਲ ਕਰੇਗਾ, ਇਕ ਹਜ਼ਾਰ ਸਾਲ ਤੋਂ ਵੀ ਵੱਧ ਸਮੇਂ ਤੱਕ ਖੋਜਿਆ ਜਾ ਸਕਦਾ ਹੈ। ਹੁਣੇ ਹੁਣੇ ਸੁਪਰੀਮ ਕੋਰਟ ਆਫ ਕੈਨੇਡਾ ਨੇ ਇਸ ਸਿਧਾਂਤ ਦੀ ਪੁਸ਼ਟੀ ਕੀਤੀ ਹੈ।[1]

ਸਰਕਾਰੀ ਵਕੀਲ ਇਕ ਅਜਿਹੀ ਭੂਮਿਕਾ ਨਿਭਾਉਂਦਾ ਹੈ ਜਿਹੜੀ ਜਾਂਚ ਪੜਤਾਲ ਕਰਨ ਤੋਂ ਵੱਖਰੀ ਹੈ ਤਾਂ ਕਿ ਉਨ੍ਹਾਂ ਦੀ ਨਿਰਪੱਖਤਾ 'ਤੇ ਸ਼ੱਕ ਨਾ ਹੋਵੇ ਅਤੇ ਇਹ ਸ਼ੱਕ ਦੀ ਨਿਗਾਹ ਨਾਲ ਨਾ ਵੇਖੀ ਜਾਵੇ, ਤਾਂ ਕਿ ਉਹ ਕਿਸੇ ਪੈਰਵੀ ਨੂੰ ਸ਼ੁਰੂ ਕਰਨ ਅਤੇ ਚਲਾਉਣ ਬਾਰੇ ਨਿਰਪੱਖ ਅਤੇ ਅਸੂਲ ਆਧਾਰਿਤ ਫੈਸਲਾ ਕਰਨ ਦੀ ਆਪਣੀ ਨੀਮ-ਅਦਾਲਤੀ ਭੂਮਿਕਾ ਨੂੰ ਸਹੀ ਢੰਗ ਨਾਲ ਨਿਭਾਅ ਸਕਣ।

1 R. v. Campbell [1999] 1 S.C.R. 565 at paras.27-34; R. v. Regan [2002] supra at 62-91 (ਆਰ. ਵੀ. ਕੈਂਬਲ [1999] 1 ਐੱਸ. ਸੀ. ਆਰ. 565 ਪੈਰਾ 27-34; ਆਰ. ਵੀ. ਰੇਗਨ [2002] ਸੁਪਰਾ 62-91

ਇਸਦੇ ਨਾਲ ਹੀ ਇਸ ਗੱਲ ਬਾਰੇ ਕੋਈ ਕਿੰਤੂ ਨਹੀਂ ਕਿ ਨਿਆਂ ਸਹੀ ਢੰਗ ਨਾਲ ਪ੍ਰਦਾਨ ਕਰਨ ਲਈ ਪੁਲਿਸ ਅਤੇ ਸਰਕਾਰੀ ਵਕੀਲ ਦਰਮਿਆਨ ਮਿਲਵਰਤਨ ਹੋਣਾ ਪੂਰਨ ਰੂਪ 'ਚ ਜ਼ਰੂਰੀ ਹੈ।

> *ਪੁਲਿਸ ਅਤੇ ਪ੍ਰਾਸੀਕਿਊਟਰ 'ਚ ਰਿਸ਼ਤਾ ਚਿੰਨ੍ਹਾਤਮਕ ਹੈ। ਜਾਂਚ ਪੜਤਾਲ ਦੇ ਪੜਾਅ ਦੌਰਾਨ ਪੁਲਿਸ ਵੱਲੋਂ ਇਕੱਠੀ ਕੀਤੀ ਗਈ ਗਵਾਹੀ ਕਿਸੇ ਵੀ ਪੈਰਵੀ ਦੀ ਜਿੰਦ ਜਾਨ ਹੈ। ਜੇਕਰ ਇਹ ਕਮਜ਼ੋਰ ਜਾਂ ਦਾਗੀ ਹੈ ਤਾਂ ਅਦਾਲਤੀ ਦਲੀਲਬਾਜ਼ੀ ਦੀ ਕੋਈ ਹੁਸ਼ਿਆਰੀ ਪੈਰਵੀ ਨੂੰ ਬਚਾ ਨਹੀਂ ਸਕੇਗੀ। ਇਸ ਦੇ ਉਲਟ ਇਕ ਆਯੋਗ ਪ੍ਰਾਸੀਕਿਊਟਰ ਪੁਲਿਸ ਵੱਲੋਂ ਬਹੁਤ ਹੀ ਵਿਸਥਾਰ 'ਚ ਅਤੇ ਸੂਖਮ ਧਿਆਨ ਨਾਲ ਕੀਤੀ ਗਈ ਜਾਂਚ ਪੜਤਾਲ ਨੂੰ ਨਿਕੰਮੀ ਬਣਾ ਸਕਦਾ ਹੈ। ਫੌਜ਼ਦਾਰੀ ਨਿਆਂ ਪ੍ਰਬੰਧ ਦੇ ਦੋਸ਼ੀਆਂ ਨੂੰ (ਪਰ ਬੇਕਸੂਰ ਨੂੰ ਨਹੀਂ) ਪਕੜਨ, ਦੋਸ਼-ਸਿਧ ਕਰਨ ਅਤੇ ਸਜ਼ਾ ਦੇਣ ਦੇ ਆਪਣੇ ਉਦੇਸ਼ ਨੂੰ ਉਸ ਅਮਲ ਜਿਹੜਾ ਚਾਰਟਰ ਆਫ਼ ਰਾਈਟਸ ਐਂਡ ਫਰੀਡਮਜ਼ ਦੇ ਅਨੁਸਾਰ ਹੋਵੇ, ਰਾਹੀਂ ਸਹੀ ਢੰਗ ਨਾਲ ਪੂਰਾ ਕਰ ਸਕਣ ਲਈ ਪੁਲਿਸ ਅਤੇ ਪ੍ਰਾਸੀਕਿਊਟਰ ਦਰਮਿਆਨ ਜ਼ਰੂਰੀ ਤੌਰ 'ਤੇ ਇਕ ਪ੍ਰਭਾਵਸ਼ਾਲੀ ਕੰਮਕਾਰੀ ਸਬੰਧ ਹੋਣ ਚਾਹੀਦਾ ਹੈ।*[2]

ਜਦੋਂ ਇਕ ਪੁਲਿਸ ਅਫਸਰ ਕੋਈ ਜਾਣਕਾਰੀ ਦਿੰਦਾ ਹੈ ਤਾਂ ਉਸਨੂੰ ਜ਼ਰੂਰੀ ਤੌਰ 'ਤੇ ਸਹੁੰ ਖਾਕੇ ਇਹ ਆਖਣਾ ਪੈਂਦਾ ਹੈ ਕਿ ਇਹ ਵਿਸ਼ਵਾਸ਼ ਕਰਨ ਦੇ ਵਾਜਬ ਆਧਾਰ ਮੌਜੂਦ ਹਨ ਅਤੇ ਉਹ ਅਫਸਰ ਅਸਲ 'ਚ ਆਪ ਵਿਸ਼ਵਾਸ਼ ਕਰਦਾ/ਕਰਦੀ ਹੈ, ਕਿ ਅਪਰਾਧ ਕੀਤਾ ਗਿਆ ਹੈ।

ਕ੍ਰਿਮੀਨਲ ਜਸਟਿਸ ਬਰਾਂਚ ਇਹ ਮੰਨਦੀ ਹੈ ਕਿ ਪੁਲਿਸ ਕੋਲ ਕੋਈ ਜਾਣਕਾਰੀ ਦੇਣ ਦਾ ਅਧਿਕਾਰ ਹੈ; ਫਿਰ ਵੀ ਪੈਰਵੀਆਂ ਨੂੰ ਰੋਕਣ ਦਾ ਅੰਤਲਾ ਅਧਿਕਾਰ ਸਰਕਾਰੀ ਵਕੀਲ ਕੋਲ ਹੈ। ਇਸ ਲਈ ਇਹ ਆਸ ਕੀਤੀ ਜਾਂਦੀ ਹੈ ਕਿ ਪੁਲਿਸ ਕੋਈ ਜਾਣਕਾਰੀ ਚਾਰਜਾਂ ਦੇ ਸਰਕਾਰੀ ਵਕੀਲ ਵੱਲੋਂ ਮਨਜ਼ੂਰ ਹੋ ਜਾਣ ਤੋਂ ਮਗਰੋਂ ਹੀ ਦੇਵੇਗੀ, ਜਾਂ, ਜੇਕਰ ਚਾਰਜ ਮਨਜ਼ੂਰ ਨਹੀਂ ਕੀਤੇ ਜਾਂਦੇ ਤਾਂ ਪੁਲਿਸ ਵੱਲੋਂ ਉਸ ਫੈਸਲੇ ਦੀ ਅਪੀਲ ਦੇ ਖਤਮ ਹੋ ਜਾਣ ਮਗਰੋਂ (ਵੇਖੋ ਪਾਲਿਸੀ CHA1)

ਇਹ ਮੰਨਦਿਆਂ ਹੋਇਆਂ ਕਿ ਸਰਕਾਰੀ ਵਕੀਲ ਦੀ ਚਾਰਜਾਂ ਦਾ ਮੁਲਾਂਕਣ ਕਰਨ ਦੀ ਜ਼ਿੰਮੇਵਾਰੀ ਅਤੇ ਪੁਲਿਸ ਦੀ ਜਾਂਚ ਪੜਤਾਲ ਕਰਨ ਦੀ ਜ਼ਿੰਮੇਵਾਰੀ ਇਕ ਦੂਜੇ ਤੋਂ ਸੁਤੰਤਰ ਹਨ, ਨਿਆਂ ਸਹੀ ਤਰ੍ਹਾਂ ਪ੍ਰਦਾਨ ਕਰਨ ਵਾਸਤੇ ਸਰਕਾਰੀ ਵਕੀਲ ਅਤੇ ਪੁਲਿਸ ਦਰਮਿਆਨ ਸਹਿਯੋਗ ਤੇ ਪ੍ਰਭਾਵਸ਼ਾਲੀ ਕਿਸਮ ਦਾ ਸੰਚਾਰ ਰੱਖਦੇ ਹੋਣ, ਸਰਕਾਰੀ ਵਕੀਲ ਪੁਲਿਸ ਨਾਲ ਜਿਥੇ, ਵਿਵਹਾਰਕ ਹੋਵੇ, ਪੁਲਿਸ ਵੱਲੋਂ ਸਿਫਾਰਸ਼ ਕੀਤੇ ਗਏ ਚਾਰਜ ਨੂੰ ਮਨਜ਼ੂਰ ਨਾ ਕਰਨ ("ਕੋਈ ਚਾਰਜ ਨਹੀਂ" ਦਾ ਫੈਸਲਾ) ਜਾਂ ਪੈਰਵੀਆਂ ਨੂੰ ਰੋਕ ਦੇਣ ਦੀ ਆਪਣੀ ਇੱਛਾ ਬਾਰੇ ਗੱਲਬਾਤ ਕਰਦੇ ਹਨ ਅਤੇ ਨਿਪਟਾਰਾ ਕਰ ਲੈਣ ਬਾਰੇ ਵੀ ਗੱਲਬਾਤ ਕਰ ਲੈਂਦੇ ਹਨ।

ਨਿਆਂਪਾਲਿਕਾ:

ਅਦਾਲਤੀ ਸੁਤੰਤਰਤਾ ਦਾ ਸਿਧਾਂਤ ਨਿਆਂ ਪ੍ਰਬੰਧ ਦਾ ਬੁਨਿਆਦੀ ਸਿਧਾਂਤ ਹੈ। ਕ੍ਰਿਮੀਨਲ ਜਸਟਿਸ ਬਰਾਂਚ ਸਮੇਤ ਅਦਾਲਤਾਂ ਸਰਕਾਰ ਦੀਆਂ ਹੋਰ ਸਾਰੀਆਂ ਬਰਾਂਚਾਂ ਕੋਲੋਂ ਪੂਰੀ ਤਰ੍ਹਾਂ ਸੁਤੰਤਰ ਹਨ। ਸਾਰੇ ਸਰਕਾਰੀ ਵਕੀਲ ਅਦਾਲਤੀ ਸੁਤੰਤਰਤਾ ਨੂੰ ਬਣਾਈ ਰੱਖਣ ਦੀ ਲੋੜ ਨੂੰ ਮਾਨਤਾ ਦਿੰਦੇ ਹਨ ਅਤੇ ਨਿਆਂਪਾਲਿਕਾ ਨਾਲ ਆਪਣੇ ਸੰਪਰਕ ਵੇਲੇ ਢੁਕਵੇਂ ਤਰੀਕੇ ਨਾਲ ਕਾਰਵਾਈ ਕਰਦੇ ਹਨ।

ਬਰਾਂਚ ਪਾਲਿਸੀਆਂ:

ਬਰਾਂਚ ਪਾਲਿਸੀਆਂ ਸਰਕਾਰੀ ਵਕੀਲ ਨੂੰ ਪੈਰਵੀ ਕਰਨ ਦੇ ਆਪਣੇ ਕਾਰਜ ਕਰਨ 'ਚ ਗਾਈਡਲਾਈਨਾਂ ਪ੍ਰਦਾਨ ਕਰਦੀਆਂ ਹਨ ਅਤੇ ਜਨਤਕ ਦਸਤਾਵੇਜ਼ਾਂ ਵਜੋਂ ਜਨਤਾ ਨੂੰ ਇਹ ਸਮਝਣ 'ਚ ਮਦਦ ਕਰਦੀਆਂ ਹਨ ਕਿ ਪੈਰਵੀਆਂ ਦੀਆਂ ਸੇਵਾਵਾਂ ਕਿਵੇਂ ਜਨਤਕ ਹਿੱਤਾਂ ਨੂੰ ਸਾਹਮਣੇ ਰੱਖਦਿਆਂ ਮੁਹੱਈਆਂ ਕੀਤੀਆਂ ਜਾਂਦੀਆਂ ਹਨ।

ਪਾਲਿਸੀ ਮੈਨੂਅਲ ਦਾ ਤਤਕਰਾ ਪਾਲਿਸੀਆਂ ਦੀ ਪਾਲਿਸੀ ਕੋਡ, ਸਿਰਲੇਖ ਅਤੇ ਪਾਲਿਸੀ ਲਾਗੂ ਹੋਣ ਦੀ ਤਰੀਕ ਦੇ ਹਿਸਾਬ ਨਾਲ ਸੂਚੀ ਦਿੰਦਾ ਹੈ।

---

2. Pearson, John, *The Prosecutor's Role at the Investigative Stage from an Ontario Perspective*, a paper presented at the June 2000 Annual Conference of the Federal Prosecution Service, p.4 (ਪੀਅਰਸਨ, ਜੌਹਨ, *ਦਿ ਪ੍ਰਾਸੀਕਿਊਟਰ'ਜ਼ ਰੋਲ ਐਟ ਦਿ ਇੰਨਵੈਟੀਗੇਟਿਵ ਸਟੇਜ ਫਰਾਮ ਐਨ ਓਨਟੈਰੀਓ ਪ੍ਰਸਪੈਕਟਿਵ*, ਫੈਡਰਲ ਪ੍ਰਾਸੀਕਿਊਸ਼ਨ ਸਰਵਿਸ ਦੀ ਜੂਨ 2000 ਦੀ ਸਲਾਨਾਂ ਕਾਂਨਫਰੰਸ 'ਤੇ ਪੇਸ਼ ਕੀਤਾ ਗਿਆ ਪਰਚਾ, ਸਫਾ 4)